# India gifts Dornier aircraft to strengthen maritime security of Sri Lanka

August 15, 2022

## ਭਾਰਤ ਨੇ ਸ਼੍ਰੀਲੰਕਾ ਨੂੰ ਦਿੱਤਾ ਸਮੁੰਦਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਡੋਰਨੀਅਰ ਜਹਾਜ਼ ਦਾ ਤੋਹਫ਼ਾ

**15 ਅਗਸਤ, 2022**

1. ਭਾਰਤ ਨੇ 15 ਅਗਸਤ, 2022 ਨੂੰ ਸ੍ਰੀਲੰਕਾ ਏਅਰ ਫੋਰਸ ਬੇਸ (ਕਾਟੂਨਾਏਕੇ) ਵਿਚ ਹੋਏ ਇੱਕ ਵਿਸ਼ਿਸ਼ ਸਮਾਗਮ ਦੌਰਾਨ ਸ੍ਰੀਲੰਕਾ ਦੀ ਸਮੁੰਦਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਇੱਕ ਡੌਰਨਿਅਰ ਮੈਰੀਟਾਈਮ ਰਕਿੋਨਾਈਸੈਂਸ ਏਅਰਕ੍ਰਾਫਟ ਤੋਹਫ਼ੇ ਵਜੋਂ ਦਿੱਤਾ। ਸ੍ਰੀਲੰਕਾ ਦੇ ਜਲ ਸੈਨਾ ਅਤੇ ਹਵਾਈ ਸੈਨਾ ਦੇ ਕਰਮਚਾਰੀਆਂ, ਜਨ੍ਹਿਾਂ ਨੇ ਕਰੀਬ ਚਾਰ ਮਹੀਨੇ ਭਾਰਤ ਵਿੱਚ ਸਖਿਲਾਈ ਪ੍ਰਾਪਤ ਕੀਤੀ ਹੈ, ਜਹਾਜ਼ ਦਾ ਸੰਚਾਲਨ ਕਰਨਗੇ। ਉਨ੍ਹਾਂ ਨੂੰ ਆਪਣੇ ਭਾਰਤੀ ਹਮਰੁਤਬਾਵਾਂ ਪਾਸੋਂ ਸੰਚਾਲਨ ਵਿਚ ਵੀ ਸਹਯਿੋਗ  ਮਲਿੇਗਾ।

2. ਸ਼੍ਰੀਲੰਕਾ ਲੋਕਤੰਤਰੀ ਸਮਾਜਵਾਦੀ ਗਣਰਾਜ ਦੇ ਰਾਸ਼ਟਰਪਤੀ ਮਹਾਮਹਮਿ ਸ੍ਰੀ ਰਾਨਲਿ ਵਕਿਰਮਸਘਿੇ  ਹਾਈ ਕਮਸਿ਼ਨਰ ਗੋਪਾਲ ਬਾਗਲੇ, ਰਾਸ੍ਟਰਪਤੀ ਸਾਗਾਲਾ ਰਤਨਾਇਕ ਦੇ ਚੀਫ਼ ਆਫ਼ ਸਟਾਫ਼, ਰੱਖਿਆ ਸਕੱਤਰ ਜਨਰਲ ਕਮਲ ਗੁਣਾਰਤਨੇ, ਭਾਰਤੀ ਜਲ ਸੈਨਾ ਦੇ ਵਾਈਸ ਚੀਫ਼ ਆਫ਼ ਨੇਵਲ ਸਟਾਫ਼ ਵਾਈਸ ਐਡਮਰਿਲ ਐਸ.ਐਨ. ਘੋਰਮਾਡੇ, ਚੀਫ ਆਫ ਡਫਿੈਂਸ ਸਟਾਫ ਜਨਰਲ ਸ਼ਵੇਂਦਰ ਸਲਿਵਾ ਅਤੇ ਸ੍ਰੀਲੰਕਾ ਦੇ ਆਰਮੀ, ਨੇਵੀ ਅਤੇ ਏਅਰ ਫੋਰਸ ਦੇ ਮੁਖੀਆਂ ਨੇ ਇਸ ਮੌਕੇ ਸ਼ਰਿਕਤ ਕੀਤੀ। ਇਹ ਇਤਹਿਾਸਕ ਘਟਨਾ ਭਾਰਤ ਦੀ ਆਜ਼ਾਦੀ ਦੀ 75ਵੀ ਵਰ੍ਹੇਗੰਢ ਦੇ ਜਸ਼ਨਾਂ ਸਮੇਂ ਹੋਈ।

3. ਇਹ ਜਹਾਜ਼ ਸ਼੍ਰੀਲੰਕਾ ਦੀ ਤਾਕਤ ਦੇ ਗੁਣਕ ਵਜੋਂ ਕੰਮ ਕਰੇਗਾ, ਜਸਿ ਨਾਲ ਸ੍ਰੀਲੰਕਾ ਨੂੰ ਆਪਣੇ ਤੱਟਵਰਤੀ ਸਮੁੰਦਰ ਵਿੱਚ ਮਨੁੱਖੀ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹੋਰ ਸੰਗਠਤਿ ਅਪਰਾਧਾਂ ਵਰਗੀਆਂ ਕਈ ਚੁਣੌਤੀਆਂ ਨਾਲ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਦੇ ਯੋਗ ਬਣ ਸਕੇਗਾ। ਸ੍ਰੀਲੰਕਾ ਦੀ ਸਮੁੰਦਰੀ ਸੁਰੱਖਿਆ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਦੇ ਮੱਦੇਨਜ਼ਰ ਜਹਾਜ਼ ਨੂੰ ਸ਼ਾਮਲ ਕੀਤਾ ਜਾਣਾ ਢੁਕਵੇਂ ਸਮੇਂ 'ਤੇ ਹੋਇਆ ਹੈ।

4. ਖੋਜ ਅਤੇ ਬਚਾਅ ਕਾਰਜਾਂ ਨੂੰ ਅੰਜਾਮ ਦੇਣ ਦੇ ਮਾਮਲੇ 'ਚ ਜਹਾਜ਼ ਦੀ ਸਮਰੱਥਾ ਲੋਕਾਂ ਨੂੰ ਮਲਿਣ ਵਾਲੇ ਇਸ ਦੇ ਸਧਿੇ ਲਾਭ ਦੀ ਮਸਿਾਲ ਹੈ। ਸ੍ਰੀਲੰਕਾਈ ਲੋਕਾਂ ਨੂੰ ਦਿੱਤਾ ਗਿਆ ਇਹ ਤੋਹਫ਼ਾ ਦੇਸ਼ ਨੂੰ ਵੱਡੇ ਪੱਧਰ 'ਤੇ ਹਦਿ - ਮਹਾਸਾਗਰ ਖੇਤਰ ਦੀ ਸੁਰੱਖਿਆ ਵਿਚ ਹੋਰ ਯੋਗਦਾਨ ਦੇਣ ਦੇ ਕਾਬਲਿ ਬਣਾਏਗਾ। ਜ਼ਕਿਰਯੋਗ ਹੈ ਕ ਿਕੋਲੰਬੋ ਸੁਰੱਖਿਆ ਸਖ਼ਿਰ ਸੰਮੇਲਨ ਦੇ ਮੁੱਖ ਥੰਮ੍ਹ ਵਜੋਂ ਸਮੁੰਦਰੀ ਸੁਰੱਖਿਆ ਦੀ ਪਛਾਣ ਕੀਤੀ ਗਈ ਹੈ। ਇਸ ਮੌਕੇ 'ਤੇ

ਬੋਲਦਿਆਂ ਹਾਈ ਕਮਿਸ਼ਨਰ ਗੋਪਾਲ ਬਾਗਲੇ ਨੇ ਜ਼ੋਰ ਦੇ ਕੇ ਕਹਿਾ ਕਿ ਜਹਾਜ਼ ਦੇ ਸ਼ਾਮਲ ਹੋਣ ਨਾਲ ਭਾਰਤ ਅਤੇ ਸ੍ਰੀਲੰਕਾ ਦੇ ਲੋਕਾਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਸ਼ਾਂਤੀਪੂਰਨ ਮਾਹੌਲ ਬਣਾਉਣ ਵਿੱਚ ਮਦਦ ਮਿਲੇਗੀ।

5. ਡੋਰਨੀਅਰ ਜਹਾਜ਼ ਨੂੰ ਤੋਹਫੇ ਵਜੋਂ ਦਿੱਤਾ ਜਾਣਾ ਰੱਖਿਆ ਅਤੇ ਸੁਰੱਖਿਆ ਖੇਤਰਾਂ ਵਿੱਚ ਦੋ ਸਮੁੰਦਰੀ ਗੁਆਂਢੀਆਂ ਦਰਮਿਆਨ ਸਹਿਯੋਗ ਦੀ ਤਸਦੀਕ ਕਰਦਾ ਹੈ। ਅਜਿਹਿ ਸਹਿਯੋਗ ਨਾਲ ਸ੍ਰੀਲੰਕਾ ਦੀ ਸਮਰੱਥਾ ਨੂੰ ਵਧਾਏ ਜਾਣ ਦੀ ਆਸ ਹੈ, ਜੋ ਇਸ ਖੇਤਰ ਵਿੱਚ ਸਭ ਲਈ ਸੁਰੱਖਿਆ ਅਤੇ ਵਿਕਾਸ (SAGAR) ਦੇ ਦ੍ਰਿਸ਼ਟੀਕੋਣ ਅਨੁਸਾਰ ਹੈ।

ਨਵੀ ਦਿੱਲੀ

15 ਅਗਸਤ, 2022

DISCLAIMER: This is an approximate translation. The original is available in English on MEA’s website and may be referred to as the official press release.